File No.FD-FB-107/4/2021-3FB1

I/299548/2021

| |
|---|
| ਬਜਟ ਮਾਮਲਾ<br>ਮਿਤੀ ਬੱਧ<br>ਅਨੁਪੂਰਕ ਮੰਗਾ ਸਾਲ<br>2021-22 |

**ਪੰਜਾਬ ਸਰਕਾਰ**

**ਵਿੱਤ ਵਿਭਾਗ**

**(ਵਿੱਤ ਬਜਟ-1-ਸਾਖਾ)**

ਮਿਤੀ, ਚੰਡੀਗੜ੍ਹ 30-12-2021

ਸੇਵਾ ਵਿਖੇ,

1) ਸਮੂਹ ਵਿਸ਼ੇਸ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।
2) ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ ਸਰਕਾਰ।
3) ਸਮੂਹ ਡਵੀਜਨਾਂ ਦੇ ਕਮਿਸ਼ਨਰ।
4) ਰਾਜ ਦੇ ਸਮੂਹ ਕਮਿਸ਼ਨਰ,ਜਿਲ੍ਹਾਂ ਅਤੇ ਸੈਸ਼ਨ ਜੱਜ।
5) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।
6) ਸਕੱਤਰ, ਪੰਜਾਬ ਵਿਧਾਨ ਸਭਾ।

**ਵਿਸ਼ਾ:** **ਪੰਜਾਬ ਸਰਕਾਰ ਦੇ ਸਾਲ 2021-22 ਦੇ ਖਰਚ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਦੀਆਂ ਤਜਵੀਜਾਂ New IFMS ਰਾਹੀਂ ਅਤੇ ਲਿਖਤੀ ਦੋਹਾਂ ਰੂਪਾਂ ਵਿੱਚ ਮੰਗਵਾਉਣ ਬਾਰੇ|**

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਸਾਲ 2021-2022 ਦੇ ਸੋਧੇ ਅਨੁਮਾਨ ਅਤੇ ਸਾਲ 2022-2023 ਦੇ ਬਜਟ ਅਨੁਮਾਨ ਨੂੰ ਤਿਆਰ ਕਰਨ ਸਬੰਧੀ ਵਿੱਤ ਵਿਭਾਗ ਵਲੋਂ ਪੱਤਰ ਨੰ:101/19/2021-1FB1/289118 ਮਿਤੀ 07.12.2021 ਰਾਹੀਂ ਜਾਰੀ ਕੀਤੀਆਂ ਬਜਟ ਗਾਈਡਲਾਈਨਜ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ:-

ਬਜਟ ਗਾਈਡਲਾਈਨਜ ਦਾ ਪੈਰ੍ਹਾ 14 ਉਪਬੰਧ ਕਰਦਾ ਹੈ ਕਿ ਅਨੁਪੂਰਕ ਮੰਗਾਂ ਨਿਮਨ ਆਈਟਮਾਂ ਤੇ ਅਧਾਰਿਤ ਹੋਣੀਆਂ ਚਾਹੀਦੀਆਂ ਹਨ:-

(ੳ) ਆਈਟਮਾਂ, ਜਿਨ੍ਹਾਂ ਲਈ ਪੰਜਾਬ ਅਚੇਤ ਫੰਡ ਵਿੱਚੋਂ ਕਰਜ਼ੇ ਦੀਆਂ ਰਕਮਾਂ ਕੱਢਵਾਈਆਂ ਗਈਆਂ ਹਨ: ਅਤੇ

(ਅ) ਖਰਚੇ ਦੀਆਂ ਕੋਈ ਹੋਰ ਆਈਟਮਾਂ ਜਿਨ੍ਹਾਂ ਸਬੰਧੀ ਅਨੁਪੂਰਕ ਮੰਗ ਵਿੱਚ ਉਪਬੰਧ ਕਰਨਾ ਲੋੜੀਂਦਾ ਹੈ।

ਇਸ ਸਾਲ ਦੌਰਾਨ ਅਪਣਾਈ ਕਿਸੇ ਵੀ ਨਵੀਂ ਸਕੀਮ ਸਬੰਧੀ ਪ੍ਰਵਾਨਤ ਉਪਬੰਧ ਜਾ ਬਜਟ ਉਪਬੰਧ ਤੋਂ ਇਲਾਵਾ ਉਪਬੰਧਿਤ ਵਧੀਕ ਫੰਡਾਂ ਨੂੰ ਅਨੁਪੂਰਕ ਅਨੁਮਾਨਾਂ ਵਿੱਚ ਸ਼ਾਮਲ ਕਰ ਲਿਆ ਜਾਵੇ।

1.1 ਅਨੁਪੂਰਕ ਮੰਗਾਂ ਦੁਆਰਾ ਕਵਰ ਕੀਤੇ ਜਾਣ ਵਾਲੇ ਵਾਧੂ ਰਕਮ ਦੇ ਮਾਮਲੇ ਜਾਂ ਖਰਚ ਦੀਆਂ ਉਹ ਆਈਟਮਾਂ ਜਿਹਨਾਂ ਲਈ ਵਿਧਾਨ ਸਭਾ ਦੀ ਪ੍ਰਵਾਨਗੀ ਲੋੜੀਂਦੀ ਹੈ, ਦੇ ਸਬੰਧ ਵਿੱਚ ਵਿਭਾਗ ਦੇ ਮੁੱਖੀਆਂ ਦੁਆਰਾ ਸਬੰਧਤ ਪ੍ਰਬੰਧਕੀ ਸਕੱਤਰ ਦੇ ਜ਼ਰੀਏ ਵਿੱਤ ਵਿਭਾਗ ਨੂੰ ਅਨੁਪੂਰਕ ਮੰਗਾਂ ਦੀਆਂ ਤਜਵੀਜਾਂ ਭੇਜੀਆਂ ਜਾਣਗੀਆਂ।

1.2 ਸਾਲ 2021-2022 ਲਈ ਗਰਾਂਟਾਂ ਦੀਆਂ ਅਨੁਪੂਰਕ ਮੰਗਾਂ ਵਿੱਚ ਸ਼ਾਮਲ ਕੀਤੇ ਜਾਣ ਲਈ ਤਜਵੀਜਾਂ ਸਬੰਧਤ ਵਿਭਾਗਾਂ ਦੇ ਮੁੱਖੀਆਂ ਵਲੋਂ ਪ੍ਰਾਪਤ ਹੋਣ ਤੇ ਪ੍ਰਬੰਧਕੀ ਵਿਭਾਗ ਉਨ੍ਹਾਂ ਦੀ ਨਿਮਨ ਨੁਕਤਿਆਂ ਦੀ ਰੋਸ਼ਨੀ ਵਿੱਚ ਛਾਣਬੀਣ ਕਰੇਗਾ:-

ੳ) ਅਨੁਪੂਰਕ ਤਜਵੀਜਾਂ ਤਿਆਰ ਕਰਦੇ ਸਮੇਂ ਇਸ ਵਧੀਕ ਖਰਚ ਦੇ ਕਿਸੇ ਹਿੱਸੇ ਦੀ ਪੂਰਤੀ ਹਿੱਤ ਵਰਤੇ ਜਾ ਰਹੇ ਗਰਾਂਟ/ਨਮਿੱਤਣ ਅਧੀਨ ਬੱਚਤਾਂ ਜੇ ਕੋਈ ਹੋਣ;

ਅ) ਸਮੁੱਚੇ ਖਰਚ ਜਾਂ ਇਸ ਦੇ ਕਿਸੇ ਹਿੱਸੇ ਨੂੰ ਪੂਰਾ ਕਰਨ ਲਈ ਭਾਰਤ ਸਰਕਾਰ ਵਲੋਂ ਅੰਸ਼ਦਾਨ, ਜੇ ਕੋਈ ਹੋਵੇ ਅਤੇ ਇਸ ਦੇ ਫਲਸਰੂਪ ਰਾਜ ਦੇ ਖਜਾਨੇ ਤੇ ਨਿਰੋਲ ਬੋਝ;

ੲ) ਲੇਖੇ ਮੱਦਾਂ ਦੀ ਦਰੁਸਤੀ, ਛੋਟੀਆਂ ਮੱਦਾਂ ਦੇ ਵੇਰਵੇ, ਉਪ ਮੱਦਾਂ, ਤਜਵੀਜਾਂ ਵਿੱਚ ਦਰਸਾਈ ਸਬੰਧਤ ਗਰਾਂਟ ਵਿੱਚ ਖਰਚੇ ਦੇ ਮਿਆਰੀ ਉਦੇਸ਼ ਅਤੇ;

ਸ) ਪੰਜਾਬ ਬਜਟ ਮੈਨੂਅਲ ਦੇ ਸਬੰਧਤ ਉਪਬੰਧਾਂ ਨਾਲ ਤਜਵੀਜਾਂ ਦੀ ਅਨੁਕੂਲਤਾ|

1.3 ਅਨੁਪੂਰਕ ਨਮਿੱਤਣ ਲਈ ਤਜਵੀਜਾਂ ਭੇਜਣ ਤੋਂ ਪਹਿਲਾਂ ਪ੍ਰਬੰਧਕੀ ਵਿਭਾਗ ਪੂਰੀ ਤਰ੍ਹਾਂ ਜਾਂਚ ਪੜਤਾਲ ਕਰ ਲੈਣ ਕਿ ਸਧਾਰਣ ਬੱਚਤ ਵਿੱਚੋਂ ਜਾਂ ਵਿਸ਼ੇਸ ਬੱਚਤ ਕਰਨ ਰਾਹੀਂ ਜਾਂ ਗਰਾਂਟਾਂ ਦੀਆਂ ਹੋਰਨਾਂ ਮੱਦਾਂ ਅਧੀਨ ਖਰਚ ਵਿੱਚ ਕਟੌਤੀ ਕਰਨ ਰਾਹੀਂ ਵਧੀਕ ਖਰਚ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ। ਉਹ ਇਹ ਗੱਲ ਵੀ ਧਿਆਨ ਵਿੱਚ ਰੱਖਣ ਕਿ ਜੇਕਰ ਸਾਲ ਦੇ ਅੰਤ ਅਤੇ ਬਾਅਦ ਵਿੱਚ ਇਸ ਤਰ੍ਹਾਂ ਪ੍ਰਾਪਤ ਕੀਤੀ ਗਈ ਕੋਈ ਅਨੁਪੂਰਕ ਗਰਾਂਟ ਗੈਰ ਜ਼ਰੂਰੀ ਪਾਈ ਜਾਂਦੀ ਹੈ ਤਾਂ ਉਸ ਨੂੰ ਵਿੱਤੀ ਬੇਕਾਇਦਗੀ ਮੰਨਿਆ ਜਾਵੇਗਾ ਅਤੇ ਮਹਾਂਲੇਖਾਕਾਰ ਨਮਿੱਤਣ ਲੇਖੇ ਬਾਰੇ ਆਪਣੀ ਆਡਿਟ ਰਿਪੋਰਟ ਵਿੱਚ ਇਸ ਦਾ ਜ਼ਿਕਰ ਕਰਨਗੇ ਅਤੇ ਸਬੰਧਤ ਪ੍ਰਬੰਧਕੀ ਵਿਭਾਗ ਨੂੰ ਸਰਕਾਰੀ ਲੇਖਿਆਂ ਸਬੰਧੀ ਕਮੇਟੀ ਨੂੰ ਇਸ ਬਾਰੇ ਸਪੱਸ਼ਟੀਕਰਣ ਦੇਣਾ ਹੋਵੇਗਾ।

1.4 **ਵਿੱਤ ਵਿਭਾਗ ਵੱਲੋਂ ਸੋਧੇ ਅਨੁਮਾਨ 2021-22 ਜਾਰੀ ਕਰਨ ਉਪਰੰਤ ਦੋ ਦਿਨਾਂ ਦੇ ਅੰਦਰ ਅੰਦਰ** ਸਮੂਹ ਵਿਭਾਗਾਂ ਦੇ ਮੁੱਖੀ ਆਪਣੀ ਆਪਣੀ ਅਨੁਪੂਰਕ ਮੰਗ ਦੀ ਤਜਵੀਜ਼ ਆਪਣੀ ਮੰਗ ਨਾਲ ਸਬੰਧਤ ਨੋਡਲ ਅਫ਼ਸਰ ਨੂੰ ਭਿਜਵਾਉਣ ਅਤੇ ਨੋਡਲ ਅਫ਼ਸਰ ਆਪਣੀ ਮੰਗ ਵਿੱਚ ਸ਼ਾਮਲ ਸਮੂਹ ਵਿਭਾਗਾਂ ਦੀ ਅਨੁਪੂਰਕ ਮੰਗ ਸਬੰਧੀ ਤਜਵੀਜ਼ ਸੰਕਲਿਤ ਕਰਕੇ ਆਪਣੇ ਪ੍ਰਬੰਧਕੀ ਵਿਭਾਗ ਨੂੰ ਭੇਜਣ। ਪ੍ਰਬੰਧਕੀ ਵਿਭਾਗ ਅਗਲੇ ਦੋ ਦਿਨਾਂ ਦੇ ਅੰਦਰ ਅੰਦਰ ਇਨ੍ਹਾਂ ਤਜਵੀਜ਼ਾਂ ਨੂੰ ਸਹੀ ਤਰ੍ਹਾਂ ਘੋਖ ਕੇ ਆਪਣੀਆਂ ਸ਼ਿਫਾਰਸਾਂ ਸਮੇਤ ਸਬੰਧਤ ਵਿੱਤ ਖਰਚਾ ਸ਼ਾਖਾਵਾਂ ਨੂੰ ਭਿਜਵਾਉਣ ਦੀ ਖੇਚਲ ਕਰਨ। ਇਹ ਤਜਵੀਜ਼ਾਂ ਵਿੱਤ ਵਿਭਾਗ ਨੂੰ ਕਿਸੇ ਵੀ ਹਾਲਾਤ ਵਿਚ **2 ਫਰਵਰੀ, 2022** ਤੋਂ ਲੇਟ ਨਾ ਭੇਜੀਆਂ ਜਾਣ।

1.5 ਅਨੁਪੂਰਕ ਅਨੁਮਾਨਾਂ ਦੇ ਆਧਾਰ ਤੇ New IFMS ਵਿੱਚੋਂ ਅਨੁਪੂਰਕ ਮੰਗਾਂ ਤਿਆਰ ਕਰਨ ਦਾ ਉਪਬੰਧ ਕੀਤਾ ਗਿਆ ਹੈ। ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਤ ਵਿਭਾਗ ਵੱਲੋਂ ਸੋਧੇ ਅਨੁਮਾਨ ਦੀਆਂ

ਤਜਵੀਜਾਂ ਪ੍ਰਵਾਨ ਕਰਨ ਉਪਰੰਤ ਅਨੁਲੱਗ- 2 ਅਤੇ 3 ਅਨੁਸਾਰ ਸਰਟੀਫਿਕੇਟ ਦਾ ਪ੍ਰਿੰਟ ਆਊਟ ਲੈ ਕੇ, ਪ੍ਰਵਾਣਿਤ ਕਰਕੇ ਵਿੱਤ ਵਿਭਾਗ ਨੂੰ **2 ਫਰਵਰੀ, 2022** ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

1.6 ਜਿਸ ਮਨੋਰਥ ਲਈ ਰਕਮ ਮੁਹੱਈਆ ਕੀਤੀ ਗਈ ਹੋਵੇ ਉਸ ਮਨੋਰਥ ਲਈ ਰਕਮ ਖਰਚ ਹੋ ਜਾਣ ਦੀ ਪੁਸ਼ਟੀ, ਵਿਭਾਗ ਨੂੰ ਉਸ ਰਕਮ ਦੀ ਪ੍ਰਵਾਨਗੀ ਪ੍ਰਾਪਤ ਹੋਣ ਦੇ **15 ਦਿਨਾਂ ਦੇ ਅੰਦਰ** ਜਾਂ **31 ਮਾਰਚ, 2022** ਤੱਕ ਵਿੱਚੋਂ ਜੋ ਮਿਤੀ ਵੀ ਪਹਿਲਾਂ ਹੋਵੇ, ਤੱਕ ਭੇਜ ਦਿੱਤੀ ਜਾਵੇ।

1.7 ਉਪਰੋਕਤ ਤੋਂ ਇਲਾਵਾ ਵਿੱਤ ਵਿਭਾਗ ਵੱਲੋਂ ਸੋਧੇ ਅਨੁਮਾਨ 2021-22 ਜਾਰੀ ਕਰਨ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਰੀ ਐਪ੍ਰੋਪੀਏਸ਼ਨ **ਆਰਡਰ** ਵੀ ਆਪਣੇ ਪ੍ਰਬੰਧਕੀ ਵਿਭਾਗ ਰਾਹੀਂ ਵਿੱਤ ਵਿਭਾਗ ਦੀਆਂ ਸਬੰਧਤ ਵਿੱਤ ਖਰਚਾ ਸ਼ਾਖਾਵਾਂ ਨੂੰ ਭਿਜਵਾਉਣੇ ਯਕੀਨੀ ਬਣਾਏ ਜਾਣ ਤਾਂ ਜੋ ਉਹ ਰੀ-ਐਪ੍ਰੋਪੀਰਏਸ਼ਨ ਆਰਡਰ ਸਮੇਂ ਸਿਰ ਮਹਾਂਲੇਖਾਕਾਰ ਦਫਤਰ ਨੂੰ ਭਿਜਵਾਏ ਜਾ ਸਕਣ।

2. ਉਕਤ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਨੂੰ ਸਾਲ 2021-2022 ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨ ਸਮੇਂ ਵਿੱਤ ਮੰਤਰੀ, ਪੰਜਾਬ ਜੀ ਦੀ ਵਰਤੋਂ ਲਈ ਬਾਰੀਫ ਤਿਆਰ ਕੀਤਾ ਜਾਣਾ ਹੈ ਇਸ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਦੀਆਂ ਤਜਵੀਜਾਂ ਦੇ ਨਾਲ ਅਨੁਪੂਰਕ ਮੰਗਾਂ ਲੈਣ ਦਾ Brief/Reasons ਵੀ ਭੇਜਣ ਦੀ ਖੇਚਲ ਕੀਤੀ ਜਾਵੇ ਤਾ ਜੋ ਉਹ ਪੰਜਾਬ ਵਿਧਾਨ ਸਭਾ ਦੇ ਮੈਬਰਾਂ ਦੁਆਰਾ ਪੁੱਛੇ ਸੁਆਲਾਂ ਦਾ ਜਵਾਬ ਦੇ ਸਕਣ।

ਵਿਸ਼ਵਾਸਪਾਤਰ,
ਹਰਵਿੰਦਰ ਸਿੰਘ
**(ਹਰਵਿੰਦਰ ਸਿੰਘ)**
**ਬਜਟ ਅਫ਼ਸਰ**

ਅੰ:ਵਿ:ਪ:ਨੰ: FD-FB-107/4/2021-3FB1/299548 ਮਿਤੀ, ਚੰਡੀਗੜ੍ਹ: 30-12-2021

ਇਕ ਉਤਾਰਾ ਉਪ ਸਕੱਤਰ ਵਿੱਤ, ਸਮੂਹ ਅਧੀਨ ਸਕੱਤਰ ਵਿੱਤ ਅਤੇ ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਅਤੇ ਸੁਪਰਡੰਟ, ਵਿੱਤ ਬਜਟ-2 ਸ਼ਾਖਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਕ੍ਰਿਪਾ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ **ਸਾਲ 2021-2022 ਦੀਆਂ ਗਰਾਂਟਾਂ ਲਈ ਅਨੁਪੂਰਕ ਮੰਗਾਂ ਸਬੰਧੀ ਮੁਕੰਮਲ ਤਜੀਵਜਾਂ ਸਮੇਤ ਅਨੁਪੂਰਕ ਮੰਗਾਂ ਲੈਣ ਦਾ Brief/Reasons 2 ਫਰਵਰੀ, 2022 ਤੋਂ ਪਹਿਲਾਂ-ਪਹਿਲਾਂ ਆਪ ਦੀ ਸ਼ਾਖਾ ਵਿੱਚ ਪ੍ਰਾਪਤ ਹੋ ਜਾਣ ਅਤੇ ਇਹ ਉਚਿਤ ਤੌਰ ਤੇ ਸੋਧ ਕੇ ਸਹੀ ਕੀਤੇ ਜਾਣ ਮਗਰੋਂ 5 ਫਰਵਰੀ, 2022 ਤੱਕ ਲਿਖਤੀ ਰੂਪ ਵਿੱਚ ਅਤੇ New IFMS ਰਾਹੀਂ ਵਿੱਤ ਬਜਟ-1 ਸ਼ਾਖਾ ਨੂੰ ਸਪਲਾਈ** ਹੋ ਜਾਣ।

2. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਲਿਖਤੀ ਰੂਪ ਵਿੱਚ ਮੰਗ ਨੰਬਰ, ਲੇਖਾ ਮੱਦਾਂ ਆਦਿ ਦਰਸਾਉਣ ਦਾ ਪੈਟਰਨ ਉਹ ਹੀ ਹੋਣਾ ਚਾਹੀਦਾ ਹੈ ਕਿ ਜੋ ਅਨੁਲੱਗ-1 ਵਜੋਂ ਨੱਥੀ ਪ੍ਰੋਫਾਰਮੇ ਦੇ ਨਮੂਨੇ ਵਿੱਚ ਹੈ।

ਹਰਵਿੰਦਰ ਸਿੰਘ
ਬਜਟ ਅਫ਼ਸਰ

ਸੇਵਾ ਵਿਖੇ

1. ਉਪ ਸਕੱਤਰ ਵਿੱਤ ਅਤੇ ਸਮੂਹ ਅਧੀਨ ਸਕੱਤਰ ਵਿੱਤ।

2. ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਅਤੇ ਵਿੱਤ ਬਜਟ-2 ਸ਼ਾਖਾ|

ਅੰ:ਵਿ:ਪ:ਨੰ: FD-FB-107/4/2021-3FB1 | 299548 ਮਿਤੀ, ਚੰਡੀਗੜ੍ਹ: 30-12-2021

ਪਿਠ.ਅੰਕਣ ਨੰ: FD-FB-107/4/2021-3FB1 \ 299548 ਮਿਤੀ,ਚੰਡੀਗੜ੍ਹ 30-12-2021

ਇਕ ਉਤਾਰਾ ਡਿਪਟੀ ਡਾਇਰੈਕਟਰ, ਵਿੱਤੀ ਸਾਧਨ ਅਤੇ ਆਰਥਿਕ ਜਾਣਕਾਰੀ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ /ਕਾਰਵਾਈ ਹਿੱਤ ਭੇਜਿਆ ਜਾਂਦਾ ਹੈ|

ਹਰਵਿੰਦਰ ਸਿੰਘ

ਬਜਟ ਅਫਸਰ

ਪਿਠ.ਅੰਕਣ ਨੰ: FD-FB-107/4/2021-3FB1 \ 299548 ਮਿਤੀ.ਚੰਡੀਗੜ੍ਹ: 30-12-2021

ਇਕ ਉਤਾਰਾ ਇੰਚਾਰਜ ਐਨ.ਆਈ.ਸੀ ਪੰਜਾਬ, ਚੰਡੀਗੜ੍ਹ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ|

ਹਰਵਿੰਦਰ ਸਿੰਘ

ਬਜਟ ਅਫਸਰ

ਕਾਪੀ:-

ਨਿ.ਸ/ਪ੍ਰਮੁੱਖ ਸਕੱਤਰ ਵਿੱਤ|

ਨਿ.ਸ./ਸਕੱਤਰ ਵਿੱਤ |

ਨਿ.ਸ./ ਵਿਸੇਸ ਸਕੱਤਰ ਖਰਚਾ |

ਨਿ.ਸ./ਸਮੂਹ ਵਿਸ਼ੇਸ਼ ਸਕੱਤਰ ਵਿੱਤ|

ਦਫ. ਡਾਇਰੈਕਟਰ ਖਜਾਨਾ ਤੇ ਲੇਖਾ|

# ANNEXURE-I
# DEMAND NO.

## (Nomenclature of Demand)

(See page of the Demands for Grants for 2021-2022)

(₹)

1. Original Grant — Voted / Charged ______ / Total ______

2. Amount of Supplementary Grant — Voted / Charged ______ / Total ______

3. Total (Original plus Supplementary) — Voted / Charged ______ / Total

**SECTOR -**
**Sub Sector :**
**Major Head :**

( ₹ in Thousands )

| Sub-Major Head | Minor Head | Sub-Head, Standard Objects of Expenditure and Details of Demand/ Scheme | Voted/ Charged | Amount of demand sub-divided into | | |
|---|---|---|---|---|---|---|
| | | | | Non-Plan | Plan | Total |
| 1 | 2 | 3 | 4 | 5 | 6 | 7 |
| | | | | | | |
| | | Total | (Voted)<br>(Charged) | | | |

**Total Supplementary**

(Voted)
(Charged)

The Supplementary Grant is required to meet the additional expenditure on account of payment of:-

(₹ In Lacs)

# ਅਨੁਲੱਗ-1
## ਮੰਗ ਨੰ:

(ਵਿਭਾਗ ਦਾ ਨਾਂ: )

(ਸਾਲ 2021-2022 ਲਈ ਗਰਾਂਟ ਦੀਆਂ ਮੰਗਾਂ ਦਾ ਪੰਨਾ ਵੇਖੋ)

(₹)

1. ਮੂਲ ਗਰਾਂਟ — ਵੋਟਿਡ / ਚਾਰਜ਼ਡ ______ / ਜੋੜ ______

2. ਅਨੁਪੂਰਕ ਅਨੁਮਾਨ ਸਬੰਧੀ ਹੁਣ ਲੋੜੀਂਦੀ ਰਕਮ — ਵੋਟਿਡ / ਚਾਰਜ਼ਡ ______ / ਜੋੜ ______

3. ਜੋੜ (ਮੂਲ + ਅਨੁਪੂਰਕ) — ਵੋਟਿਡ / ਚਾਰਜ਼ਡ ______ / ਜੋੜ ______

**ਸੈਕਟਰ:**

**ਉਪ ਸੈਕਟਰ:**

ਮੁੱਖ ਮੱਦ:

(₹ ਹਜਾਰਾਂ ਵਿੱਚ)

| ਉਪ ਮੁੱਖ ਮੱਦ | ਉਪ ਮੱਦ | ਛੋਟੀਆਂ ਮੱਦਾਂ, ਖਰਚੇ ਦਾ ਮਿਆਰੀ ਮੰਤਵ ਅਤੇ ਮੰਗ/ਸਕੀਮ ਦੇ ਵੇਰਵੇ | ਵੋਟਿਡ/ ਚਾਰਜ਼ਡ | ਮੰਗ ਦੀ ਨਿਮਨ ਵਿੱਚ ਉਪ ਵੰਡਿਤ ਰਕਮ | | |
|---|---|---|---|---|---|---|
| | | | | ਗੈਰ-ਯੋਜਨਾ | ਯੋਜਨਾ | ਜੋੜ |
| 1 | 2 | 3 | 4 | 5 | 6 | 7 |
| | | | | | | |
| | | ਜੋੜ | (ਵੋਟਿਡ)<br>(ਚਾਰਜ਼ਡ) | | | |

ਜੋੜ ਅਨੁਪੂਰਕ ਮੰਗ

______

(ਵੋਟਿਡ)

(ਚਾਰਜ਼ਡ)

---

ਨਿਮਨ ਦੇ ਸਬੰਧ ਵਿੱਚ ਵਧੀਕ ਖਰਚੇ ਦੀ ਪੂਰਤੀ ਲਈ ਅਨੁਪੂਰਕ ਗਰਾਂਟ ਲੋੜੀਂਦੀ ਹੈ:-

(ਰੁਪਏ ਲੱਖਾਂ ਵਿੱਚ)

ਅਨੁਲੱਗ-2

ਪੰਜਾਬ ਸਰਕਾਰ

------------- ਵਿਭਾਗ

ਬਜਟ

ਮਿਤੀ ਬੱਧ

ਸਰਟੀਫਿਕੇਟ

ਚਾਲੂ ਸਾਲ 31 ਮਾਰਚ, 2022 ਇਹ ਤਸਦੀਕ ਕੀਤਾ ਜਾਂਦਾ ਹੈ ਕਿ ਰੁਪਏ ----------------(ਵੋਟਿਡ) ਅਤੇ ਰੁਪਏ-------------(ਚਾਰਜਡ) ਕੁੱਲ ਰਕਮ -------------ਦੀ ਰਕਮ ਜੋ ਕਿ ਵਿੱਤ ਵਿਭਾਗ ਵਲੋਂ ਪ੍ਰਵਾਨ ਕੀਤੀ ਜਾਣ ਵਾਲੀ ਤਜਵੀਜ ਹੈ, ਉਹ -------------------ਵਜੋਂ ਸਾਲ 2021-2022 ਲਈ ਅਨੁਪੂਰਕ ਅਨੁਮਾਨ ਹਨ ਜੋ ਕਿ ਵਿੱਤ ਵਿਭਾਗ ਵਲੋਂ ਭੇਜੇ ਗਏ ਗਰਾਂਟ/ਨਮਿੱਤਣ ( ਸਿਰਲੇਖ ਦਾ ਨੰਬਰ ਲਿਖਿਆ ਜਾਵੇ) ਲਈ ਮੁਹੱਈਆਂ ਕੀਤੀ ਜਾ ਚੁੱਕੀ ਰਕਮ ਨੂੰ ਸਾਲ ਦੇ ਦੌਰਾਨ ਉਸ ਮਨੋਰਥ ਲਈ ਪੂਰੀ ਤਰ੍ਹਾਂ ਖਰਚ ਕਰ ਦਿੱਤਾ ਜਾਵੇਗਾ, ਜਿਸ ਕਾਰਜ ਲਈ ਇਹ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਇਹ ਚਾਲੂ ਸਾਲ ਦੇ 31 ਮਾਰਚ, 2022 ਤੱਕ ਖਰਚ ਕਰ ਦਿੱਤੀ ਜਾਵੇਗੀ।

ਹਸਤਾਖਰ :

ਅਹੁੱਦਾ :

ਮਿਤੀ :

(ਪ੍ਰਬੰਧਕੀ ਸਕੱਤਰ ਜਾਂ ਉਨ੍ਹਾਂ ਵੱਲੋਂ ਇਸ ਸਬੰਧ ਵਿਚ ਅਧਿਕਾਰਤ ਅਫਸਰ ਵਲੋਂ ਪ੍ਰਮਾਣਤ ਕੀਤਾ ਜਾਵੇ)

ਨੋਟ: ਇਹ ਸਰਟੀਫਿਕੇਟ ਵਿੱਤ ਵਿਭਾਗ ਦੀ ਸਬੰਧਤ ਵਿੱਤ ਖਰਚਾ ਸ਼ਾਖਾ ਵਿੱਚ (ਦੋ ਪਰਤਾਂ ਵਿੱਚ) ਭੇਜਿਆ ਜਾਵੇ।

Annexure-2

Government of Punjab
Department of __________

Certificate

It is certified that the amount of Rs..............................(voted) & Rs.........................(Charged) as total ---------------------- Supplementary Estimates for the year 2021-22 under Demand no...... will be fully utilized for the purpose for which it is obtained during the current Financial Year upto 31 march 2022.

Signature:---------------------

Designation:------------------

Dated:--------------------------

(To be certified by the Secretary or Designatied officer appointed by him in this case.)

Note:- (Kindly sent two copies of this certificate to Concerned Expenditure Branch)

## ਅਨੁਲੱਗ-3

1. ਅਨੁਪੂਰਕ ਮੰਗਾਂ ਦੀ ਗਰਾਂਟ ਵਿੱਚ ਮੰਗੀ ਗਈ ਕੁੱਲ ਰਕਮ। ----------------

2. ਪੇਸ਼ਗੀ ਅਦਾ ਕੀਤੀ ਜਾਂ ਅਦਾਇਗੀ ਯੋਗ ਜਾਂ ਭਾਰਤ ਸਰਕਾਰ ਦੁਆਰਾ ਪ੍ਰਤੀ ਪੂਰਤੀ ਯੋਗ ਰਕਮ ਜੇ ਕੋਈ ਹੋਵੇ ਅਤੇ ਅਦਾਇਗੀ ਪ੍ਰਤੀ ਪੂਰਤੀ ਦੀ ਅਸਲ/ਸੰਭਾਵਕ ਮਿਤੀ। ----------------

3. ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਮਨਜ਼ੂਰੀ ਦਾ ਨੰ: ਅਤੇ ਮਿਤੀ। ----------------

4. ਉਕਤ (1) ਦੇ ਸਬੰਧ ਵਿਚ ਨਿਰੋਲ ਵਿੱਤੀ ਬੋਝ ਘੱਟ ਕਰਨ ਲਈ ਕਿਸੇ ਹੋਰ ਮੱਦ ਜਾਂ ਗਰਾਂਟ ਵਿੱਚ ਸਪੁਰਦ ਕੀਤੀ ਜਾ ਰਹੀ ਰਕਮ, ਜੇ ਕੋਈ ਹੋਵੇ। ----------------

5. ਅਨੁਪੂਰਕ ਮੰਗ ਦਾ ਨਿਰੋਲ ਵਿੱਤੀ ਬੋਝ। ----------------

6. ਇਹ ਸਰਟੀਫਿਕੇਟ ਕਿ ਪੰਜਾਬ ਅਚੇਤ-ਫੰਡ ਵਿਚੋਂ ਦਿੱਤੇ ਗਏ ਫੰਡ ਵਰਤ ਲਏ ਗਏ ਹਨ। ----------------

7. ਅਦਾਲਤ ਜਾਂ ਸਾਲਸੀ ਟ੍ਰਿਬਿਊਨਲ ਨਿਰਣਿਆਂ, ਡਿਕਰੀਆਂ ਜਾਂ ਅਵਾਰਡ ਨਾਲ ਸਬੰਧਤ ਚਾਰਜਡ ਉਪਬੰਧਾਂ ਲਈ ਤਜਵੀਜਾਂ ਬਾਰੇ ਦਿੱਤੀ ਜਾਣ ਵਾਲੀ ਜਾਣਕਾਰੀ: ----------------

1) ਦੀਵਾਨੀ ਜਾਬਤਾ ਸੰਘਤਾ ਦੀ ਧਾਰਾ 80 ਅਧੀਨ ਨੋਟਿਸ ਜਦੋਂ ਪ੍ਰਾਪਤ ਹੋਇਆ ਸੀ। ----------------

2) ਕੀ ਨੋਟਿਸ ਮਿਲਣ ਤੇ ਕਾਨੂੰਨੀ ਤੇ ਵਿਧਾਨਕ ਮਾਮਲੇ ਵਿਭਾਗ/ਡਾਇਰੈਕਟੋਰੇਟ ਪ੍ਰੋਸੀਕਿਊਸਨ ਤੇ ਲਿਟੀਗੇਸ਼ਨ ਦੀ ਸਲਾਹ ਲਈ ਗਈ ਸੀ? ----------------

3) ਜੇ ਹਾਂ ਤਾਂ ਸਲਾਹ ਦੇ ਵੇਰਵੇ ਜੇ ਨਹੀਂ ਤਾਂ ਇਸ ਦਾ ਕਾਰਣ ----------------

4) ਅਦਾਲਤ ਜਾਂ ਸਾਲਸੀ ਟ੍ਰਿਬਿਊਨਲ ਦੇ ਨਿਰਣੇ, ਡਿਗਰੀ, ਅਵਾਰਡ ਦੀ ਕਾਪੀ ਨਾਲ ਲਾਈ ਜਾਵੇ। ----------------

5) ਮਿਤੀ ਜਿਸ ਨੂੰ ਅਦਾਇਗੀ ਕੀਤੀ ਗਈ ਸੀ ਜਾਂ ਜਦੋਂ ਇਹ ਕੀਤੀ ਜਾਣੀ ਹੈ। ----------------

6) ਬਜਟ ਵਿਚ ਇਹ ਉਪਬੰਧ ਕਿਉਂ ਨਹੀਂ ਸੀ ਕੀਤਾ ਗਿਆ? ---------------